**ਕੀ ਸੰਦੇਸ਼ ਦਿੰਦਾ ਹੈ ਸ੍ਰੀ ਅਨੰਦਪੁਰ ਸਾਹਿਬ ?**

ਅੱਜ ਕੱਲ੍ਹ ਜਿੱਧਰ ਵੀ ਦੇਖੋ ਹਰ ਪਾਸੇ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਬੰਧੀ ਬੌੜੀ ਭੱਖਵੀਂ ਤੇ ਦਿਲਚਸਪ ਚਰਚਾ ਹੋ ਰਹੀ ਹੈ। ਪੰਜਾਬ ਸਰਕਾਰ ਪੂਰੇ ਜ਼ੋਰ ਸ਼ੋਰ ਨਾਲ ਇਸ ਨੂੰ ਇਕ ਅਦੁੱਤੀ ਸਮਾਗਮ ਰਾਹੀਂ ਪੇਸ਼ ਕਰਨ ਵਿਚ ਲੱਗੀ ਹੋਈ ਹੈ। ਅੱਜ ਕੱਲ੍ਹ ਸ਼ਤਾਬਦੀਆਂ ਦਾ ਧੁਰ ਹੈ। ਸਿੱਖ ਪੰਥ ਲਈ ਤਾਂ ਇਹ ਸਿਲਸਿਲਾ 1969 ਤੋਂ ਹੀ ਇਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ 500ਵੇਂ ਜਨਮ ਉਤਸਵ ਨਾਲ ਆਰੰਭ ਹੋਇਆ ਸੀ। ਫਿਰ ਤੁਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300ਵਾਂ ਪ੍ਰਕਾਸ਼ ਉਤਸਵ ਬੜੀ ਸ਼ਾਨੋ ਸ਼ੌਕਤ ਨਾਲ 1966 ਵਿੱਚ ਮਨਾਇਆ ਗਿਆ ਸੀ। ਉਸੇ ਸਾਲ ਪੰਜਾਬੀ ਸੂਬੇ ਦੀ ਹੋਂਦ ਵੀ ਸਾਹਮਣੇ ਆਈ ਸੀ। ਸ਼੍ਰੋਮਣੀ ਅਕਾਲੀ ਦਲ ਦੀਆਂ ਬਣੀਆਂ ਸਰਕਾਰਾਂਨੇ ਇਸ ਵਿਚ ਬੜੀ ਦਿਲਚਸਪੀ ਵਿਖਾਈ ਸੀ। ਕਮਾਲ ਅਸਲ ਵਿਚ ਇਹ ਹੈ ਕਿ ਹਰ ਇਕ ਸ਼ਤਾਬਦੀ ਪ੍ਰੋਗਰਾਮ 'ਤੇ ਸ਼੍ਰੋਮਣੀ ਅਕਾਲੀ ਪਾਰਟੀ ਦੀ ਸਰਕਾਰ ਹੀ ਉਸ ਵੇਲੇ ਪੰਜਾਬ ਵਿਚ ਕੰਮ ਕਰ ਰਹੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300ਵੇਂ ਪ੍ਰਕਾਸ਼ ਉਤਸਵ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਦਾ 500ਵਾਂ ਜਨਮ ਉਤਸਵ, ਅੰਮ੍ਰਿਤਸਰ ਦਾ ਸਥਾਪਨਾ ਦਿਵਸ, 1999 ਵਿਚ ਖ਼ਾਲਸੇ ਦਾ 300ਵਾਂ ਸਾਲਾ ਜਨਮ ਦਿਵਸ ਤੇ ਫਿਰ 2004 ਵਿੱਚ ਸ੍ਰੀ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ ਬੜੀ ਸੱਜ ਧੱਜ ਨਾਲ ਮਨਾਇਆ ਗਿਆ ਅਤੇ ਅਖੀਰ ਵਿੱਚ 2008 ਨੂੰ ਹਜ਼ੂਰ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਧਰਤੀ ਤੋਂ ਜਾਣਾ ਅਤੇ ਸ੍ਰੀ ਗੁਰੂ ਗ੍ਰੰਥ ਨੂੰ ਗੁਰਿਆਈ ਦੇਣਾ ਆਦਿ ਵੀ ਮਨਾਇਆ ਗਿਆ ਸੀ। ਇਸੇ ਦੌਰਾਨ 2001 ਨੂੰ ਅੰਮ੍ਰਿਤਸਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਤਾਜਪੋਸ਼ੀ ਵੀ ਬੜੇ ਜਾਹੋ-ਜਲਾਲ ਅਤੇ ਉਤਸ਼ਾਹ ਨਾਲ ਮਨਾਈ ਗਈ ਸੀ। ਇਹ ਜਾਣਕਾਰੀ ਪਾਠਕਾਂ ਨੂੰ ਭਲੀ-ਭਾਂਤ ਹੋਵੇਗੀ ਕਿ ਦੋਵੇਂ ਪਾਤਸ਼ਾਹ ਹੀ ਗੁਰੂ ਤੇਗ ਬਹਾਦਰ ਜੀ ਕੀਰਤਪੁਰ ਸਾਹਿਬ ਰਹਿੰਦੇ ਸੀ ਅਤੇ ਸੱਤਵੇਂ ਸ੍ਰੀ ਗੁਰੂ ਹਰਿ ਰਾਏ ਜੀ ਨੇ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਵੀ ਇਕ ਬਲਵਾਨ ਯੋਧਾ ਸਨ ਜਿਨ੍ਹਾਂ ਨੇ ਮੀਰੀ ਪੀਰੀ ਦੇ ਮਾਲਕ ਅਤੇ ਸ੍ਰੀ ਅਕਾਲ ਤਖ਼ਤ ਦੇ ਸਿਰਜਣਹਾਰ ਆਪਣੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਤੋਂ ਸ਼ਸਤਰ ਵਿਦਿਆ ਪ੍ਰਾਪਤ ਕੀਤੀ ਸੀ। ਉਨ੍ਹਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਐਸੀ ਥਾਂ ਚੁਣੀ ਜੋ ਫ਼ੌਜੀ ਨੁਕਤੇ ਨਿਗਾਹ ਨਾਲ ਠੀਕ ਹੋਵੇ ਕਿਉਂਕਿ ਉਨ੍ਹਾਂ ਨੂੰ ਇਹ ਪਤਾ ਸੀ ਕਿ ਮੁਗਲ ਸਰਕਾਰ ਸਿੱਖਾਂ ਵਿਰੁੱਧ ਦੇਰ ਸਵੇਰ ਯੁੱਧ ਕਰੇਗੀ। ਇਕ ਪਾਸੇ ਸਤਲੁਜ ਦਰਿਆ ਤੇ ਪਿੱਛੇ ਸ਼ਿਵਾਲਕ ਪਹਾੜੀਆਂ, ਇਹ ਚੱਕ ਨਾਨਕੀ ਹੀ ਅਸਲ ਵਿਚ ਸ੍ਰੀ ਅਨੰਦਪੁਰ ਸਾਹਿਬ ਬਣਿਆ। ਉਸ ਸਮੇਂ ਸ਼ਹਿਰ ਵਿਚ ਵੱਸੋਂ ਹੋਣ ਲੱਗੀ ਸੀ ਅਤੇ ਹੌਲੀ ਹੌਲੀ ਇਸ ਦੀ ਉਸਾਰੀ ਵੀ ਆਰੰਭ ਹੋਈ। ਇਸੇ ਸ਼ਹਿਰ ਵਿੱਚ ਹੀ ਕਸ਼ਮੀਰੀ ਪੰਡਤ ਨੌਵੇਂ ਗੁਰੂ ਸਾਹਿਬ ਕੋਲ ਆਪਣੀ ਫਰਿਆਦ ਲੈ ਕੇ ਆਏ ਸਨ। ਇੱਥੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਦਿੱਲੀ ਗਏ ਸਨ। ਇੱਥੇ ਹੀ ਭਾਈ ਜੈਤਾ 1675 ਵਿੱਚ ਉਹਨਾਂ ਦੀ ਸੀਸ ਲੈ ਕੇ ਆਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਉਸ ਸਮੇਂ ਸਿਰਫ 9 ਕੁ ਸਾਲ ਦੀ ਸੀ।

ਇਸੇ ਹੀ ਧਰਤੀ 'ਤੇ 24 ਸਾਲ ਲਗਾ ਕੇ 1699 ਵਿੱਚ ਖ਼ਾਲਸੇ ਦੀ ਸਾਜਨਾ ਹੋਈ ਸੀ। ਅੰਮ੍ਰਿਤ ਦਾ ਬਾਟਾ ਇੱਥੇ ਸ੍ਰੀ ਅਨੰਦਪੁਰ ਸਹਿਬ ਦੀ ਪਾਵਨ ਧਰਤੀ 'ਤੇ ਤਿਆਰ ਹੋਇਆ ਸੀ। ਪੰਜ ਪਿਆਰੇ ਇਸੇ ਹੀ ਸ਼ਹਿਰ ਵਿੱਚ ਸੱਜੇ ਸਨ। ਸ੍ਰੀ ਆਨੰਦਪੁਰ ਸਾਹਿਬ ਵਿਚ ਚਾਰ ਕਿਲ੍ਹੇ ਗੁਰੂ ਸਾਹਿਬ ਨੇ ਬਣਵਾਏ ਸਨ। ਅੱਜ ਮੁੜ ਉਹਨਾਂ ਦੀ ਉਸਾਰੀ ਹੋ ਰਹੀ ਹੈ। ਭਾਈ ਬਚਿੱਤਰ ਸਿੰਘ ਦਾ ਹਾਥੀ ਨਾਲ ਮੁਕਾਬਲਾ ਇੱਥੇ ਹੀ ਹੋਇਆ ਸੀ। ਸੋ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਨਾਲ ਬਹੁਤ ਸਾਰੀਆਂ ਇਤਿਹਾਸਕ ਯਾਦਾਂ ਜੁੜੀਆਂ ਹੋਈਆਂ ਹਨ। ਬਲਕਿ ਇਹ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਹੈ ਜਿਸ ਨੇ ਇਤਿਹਾਸ ਸਿਰਜਿਆ। ਇਸ ਸਥਾਪਨਾ ਦਿਵਸ ਦੇ ਸ਼ੁੱਭ ਮੌਕੇ 'ਤੇ ਪ੍ਰਧਾਨ ਮੰਤਰੀ ਨੇ ਨਤਮਸਤਕ ਹੋਣਾ ਸੀ ਪਰ ਉਹਨਾਂ ਦੇ ਪਹਿਲਾਂ ਹੀ ਤੈਅ ਹੋਏ ਰੁਝੇਵਿਆਂ ਕਰ ਕੇ ਹੁਣ ਉਹਨਾਂ ਦੀ ਥਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਹਾਜ਼ਰੀ ਭਰਨਗੇ। ਸਿੱਖਾਂ ਲਈ ਇਹ ਅਤਿਅੰਤ ਖੁਸ਼ੀ ਦਾ ਮੁਕਾਮ ਹੈ ਕਿ ਜਿੰਨੀਆਂ ਵੀ ਸ਼ਤਾਬਦੀਆਂ ਮਨਾਈਆਂ ਗਈਆਂ ਹਨ ਉਦੋਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਾਂ ਉਹਨਾਂ ਦੇ ਸਹਿਯੋਗੀ ਇਹਨਾਂ ਵਿੱਚ ਜ਼ਰੂਰ ਸ਼ਾਮਲ ਹੋਏ ਸਨ।

ਹੁਣ ਵੱਡੇ ਇਕੱਠ, ਵੱਡੇ ਨਗਰ ਕੀਰਤਨ ਤਾਂ ਸੱਜਣਗੇ ਪਰ ਲੋੜ ਹੈ ਸਾਨੂੰ ਇਹ ਦੱਸਣ ਦੀ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਸੰਦੇਸ਼ ਕੀ ਹੈ ? ਇਹ ਬੜਾ ਵਿਲੱਖਣ ਅਤੇ ਰਮਣੀਕ ਸਥਾਨ ਹੈ। ਇੱਥੇ ਜੋ ਕੁਝ ਵੀ ਵਾਪਰਿਆ ਉਹ ਧਰਤੀ 'ਤੇ ਹੋਰ ਕਿੱਧਰੇ ਵੀ ਨਹੀਂ ਹੋਇਆ। ਮੈਂ ਸਮਝਦਾ ਹਾਂ ਕਿ ਧਾਰਮਿਕ ਆਗੂ ਅਤੇ ਸਰਕਾਰ ਵਿਉਂਤ ਨਾਲ ਪ੍ਰਚਾਰ ਇਹ ਕਰੇ ਕਿ ਪਹਿਲਾਂ ਸੰਦੇਸ਼ ਜੋ ਵਿਸ਼ਵ ਲਈ ਹੈ ਉਹ ਇਹ ਕਿ ਹਰ ਇਕ ਨੂੰ ਆਪਣੇ ਧਾਰਮਿਕ ਵਿਚਾਰਾਂ ਅਨੁਸਾਰ ਪ੍ਰਮਾਤਮਾ ਨੂੰ ਮੰਨਣ ਦਾ ਹੱਕ ਹੋਵੇ ਪਰ ਅੱਜ ਫਿਰਕੂ ਝਗੜੇ ਹਰ ਥਾਂ ਹਨ। ਹਰ ਮੱਤ ਆਪਣੀ ਸਰਦਾਰੀ ਚਾਹੁੰਦਾ ਹੈ ਪਰ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੀ ਹਨ ਜੋ ਇੱਕੋ ਗੁਰੂ ਸਾਹਿਬ ਹੋਏ ਜਿਨ੍ਹਾਂ ਨੇ ਕਿਸੇ ਹੋਰ ਧਰਮ ਦੀ ਰੱਖਿਆ ਖਾਤਰ ਆਪਣੀ ਕੁਰਬਾਨੀ ਦਿੱਤੀ ਸੀ। ਅੱਜ ਇਸ ਸਿਧਾਂਤ ਦੇ ਪ੍ਰਚਾਰ ਦੀ ਬੜੀ ਸਖ਼ਤ ਲੋੜ ਹੈ। ਦੂਜਾ ਸੰਦੇਸ਼ ਭਾਰਤ ਦੀ ਏਕਤਾ ਦਾ ਹੈ ਸੈਂਕੜੇ ਸਾਲ ਇਸਲਾਮ ਮੱਤ ਦਾ ਭਾਰਤ 'ਤੇ ਰਾਜ ਸੀ। ਉਨ੍ਹਾਂ ਭਾਰਤ ਦੀ ਸਭਿਅਤਾ ਤੇ ਏਕਤਾ ਦਾ ਖੰਡਨ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਸਾਰਾ ਭਾਰਤ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਧਰਤੀ 'ਤੇ ਬੁਲਾਇਆ। ਪਹਿਲੀ ਵਾਰ ਵੱਡੀ ਗਿਣਤੀ ਵਿਚ ਲੋਕ ਇੱਥੇ ਆਏ। ਕੌਮੀ ਏਕਤਾ ਦੇ ਨਜ਼ਾਰੇ ਪੇਸ਼ ਹੋਏ।

ਕਿਸੇ ਨੂੰ ਪਤਾ ਹੀ ਨਹੀਂ ਕਿ ਉੱਥੇ ਕਿਵੇਂ ਲੱਖਾਂ ਦਾ ਇਕੱਠ ਹੋ ਗਿਆ। ਉੜੀਸਾ, ਕਰਨਾਟਕਾ, ਗੁਜਰਾਤ ਵਰਗੇ ਸੂਬਿਆਂ ਤੋਂ ਲੋਕ ਆਏ ਅਤੇ ਤੁਸੀਂ ਵੇਖੋ ਕਿ ਇਸ ਆਪਸੀ ਏਕਤਾ ਦੀ ਮਿਸਾਲ ਹੀ ਸੀ ਪੰਜ ਪਿਆਰਿਆਂ ਦੀ ਸਾਜਨਾ ਇਹ ਵੀ ਵਿਸ਼ਵ ਇਤਿਹਾਸ ਵਿਚ ਇਕ ਨਿਵੇਕਲੀ ਯਾਦ ਸੀ। ਅੱਜ ਤੱਕ ਸਿੱਖ ਇਸ ਦਾ ਪ੍ਰਚਾਰ ਹੀ ਨਹੀਂ ਕਰ ਸਕੇ। ਉਨ੍ਹਾਂ ਪੰਜ ਪਿਆਰਿਆਂ ਵਿੱਚ ਚਾਰ ਬਾਹਰਲੇ ਸੂਬਿਆਂ ਤੋਂ ਸਨ ਅਤੇ ਇਕ ਪੰਜਾਬ ਦੀ ਇਸ ਧਰਤੀ ਤੋਂ ਸੀ। ਇਹ ਹੈ ਸੰਦੇਸ਼ ਜੋ ਸਾਰਾ ਦੇਸ਼ ਲਵੇ। ਤੀਜਾ ਸੰਦੇਸ਼ ਹੈ ਬਰਾਬਰਤਾ ਦਾ ਇਹ ਪਹਿਲੀ ਵਾਰ ਸੀ ਜਦੋਂ ਉਚ-ਨੀਚ ਖ਼ਤਮ ਕਰ ਕੇ ਅਛੂਤ ਪਛੜੀ ਸ਼੍ਰੇਣੀ ਨੂੰ ਉੱਚ ਕੁੱਲ ਦੇ ਬਰਾਬਰ ਬੈਠਣ ਅਤੇ ਖਲੋਣ ਦਾ ਵੀ ਹੱਕ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਕਰਮਾਂ ਭਰੀ ਧਰਤੀ ਤੋਂ ਹੀ ਮਿਲਿਆ ਸੀ। ਪੰਜ ਪਿਆਰੇ

ਵਧੇਰੇ ਕਰਕੇ ਉਨ੍ਹਾਂ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਸਨ ਪਰ ਅੰਮ੍ਰਿਤ ਛਕਣ ਵੇਲੇ ਹਰ ਕੋਈ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਦਾ ਘੁੱਟ ਭਰਦਾ ਹੈ। ਇਸ ਨੂੰ ਵੱਡੇ ਪੱਧਰ 'ਤੇ ਪ੍ਰਚਾਰਣ ਦੀ ਲੋੜ ਹੈ। ਚੌਥਾ ਸੰਦੇਸ਼ ਹੈ ਸ਼ਕਤੀ ਦਾ। ਇਸ ਧਰਤੀ 'ਤੇ ਖੰਡਾ ਜੋ ਸ਼ਕਤੀ ਦਾ ਪ੍ਰਤੀਕ ਹੈ ਉਹ ਗੁਰੂ ਗੋਬਿੰਦ ਸਿੰਘ ਨੇ ਲਹਿਰਾਇਆ।

ਖੰਡੇ 'ਚ ਹੀ ਅੰਮ੍ਰਿਤ ਬਣਿਆ ਅਤੇ ਫਿਰ ਚਿੜੀਆਂ ਤੋਂ ਬਾਜ ਬਣ ਗਏ ਅਤੇ ਫਿਰ ਗਿੱਦੜਾਂ ਤੋਂ ਸ਼ੇਰ। ਇਸ ਸ਼ਕਤੀ ਨੇ ਹੀ ਮੁਗਲ ਫ਼ੌਜ ਨੂੰ ਜ਼ਬਰਦਸਤ ਹਾਰ ਦਿੱਤੀ ਸੀ ਅਤੇ ਇਸੇ ਸ਼ਕਤੀ ਨਾਲ ਹੀ ਬੰਦਾ ਸਿੰਘ ਬਹਾਦਰ 1709 ਵਿਚ ਪੰਜਾਬ ਦਾ ਬਾਦਸ਼ਾਹ ਬਣ ਗਿਆ ਸੀ। ਇਸ ਦੇ ਨਾਲ ਹੀ ਕੁਰਬਾਨੀ ਦਾ ਸੰਦੇਸ਼ ਵੀ ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਮਿਲਦਾ ਹੈ। ਸ੍ਰੀ ਗੁਰੂ

ਤੇਗ ਬਹਾਦਰ ਨੇ ਆਪ ਪਹਿਲ ਕੀਤੀ। ਦਿੱਲੀ ਜਾ ਕੇ ਬਲੀਦਾਨ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਧਰਤੀ ਸਦਕਾ ਆਪਣੇ ਚਾਰੇ ਸਾਹਿਬਜ਼ਾਦੇ ਕੁਰਬਾਨ ਕਰ ਦਿੱਤੇ। ਮਾਤਾ ਕੁਰਬਾਨ ਹੋਈ ਅਤੇ ਸਿੰਘਾਂ ਦੀਆਂ ਕੁਰਬਾਨੀਆਂ ਨਾਲ ਇਤਿਹਾਸ ਭਰਿਆ ਹੋਇਆ ਹੈ। ਆਓ ਅੱਜ ਇਨ੍ਹਾਂ ਸੰਦੇਸ਼ਾਂ ਨੂੰ ਵਿਸ਼ਵ ਵਿੱਚ ਪੁੱਜਦਾ ਕਰੀਏ। ਕੇਵਲ ਜਲੂਸ ਦੀਵਾਨਾਂ ਤੱਕ ਨਾ ਰਹਿ ਜਾਈਏ। ਮੈਨੂੰ ਖੁਸ਼ੀ ਹੈ ਕਿ ਮੇਰੇ ਸੁਝਾਅ 'ਤੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਚ 77 ਫੁੱਟ ਉੱਚਾ ਖੰਡਾ ਸਥਾਪਤ ਹੋ ਗਿਆ ਹੈ। ਸ਼ਕਤੀ ਦਾ ਪ੍ਰਤੀਕ ਇਹ ਖੰਡਾ ਹਰ ਥਾਂ ਨਜ਼ਰ ਆਏਗਾ। ਲੇਜ਼ਰ ਸ਼ੋਅ ਜਾਂ ਲਾਈਟ ਐਂਡ ਸਾਊਂਡ ਸ਼ੋਅ ਇੱਥੇ ਸਥਾਈ ਤੌਰ 'ਤੇ ਵਿਖਾਏ ਜਾਣਗੇ। ਅੱਜ ਦੇ ਯੁੱਗ ਵਿੱਚ ਪ੍ਰਚਾਰ ਦੇ ਸਾਰੇ ਵਸੀਲੇ ਵਰਤ ਕੇ ਆਪਣੇ ਇਤਿਹਾਸ ਅਤੇ ਵਿਰਸੇ ਨੂੰ ਉਜਾਗਰ ਕਰਨ ਦੀ ਲੋੜ ਹੈ।